# ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ

ਰਜਿ: ਆਫਿਸ: ਪੀ.ਐਸ.ਈ.ਬੀ. ਹੈਡ ਆਫਿਸ, ਦੀ ਮਾਲ, ਪਟਿਆਲਾ-147001

# ਖ਼ਬਰਨਾਮਾ

ਅੰਦਰੂਨੀ ਵਰਤੋਂ ਲਈ

8th issue : ਦਿਸੰਬਰ 2015


## ਤਤਕਰਾ


**ਪੰਨਾ-2**

- ਪੀ.ਐਸ.ਟੀ.ਸੀ.ਐਲ ਦੀ ਤਿਮਾਹੀ ਪ੍ਰਗਤੀ ਰਿਪੋਰਟ
- 220 ਕੇ.ਵੀ. ਅਬਲੋਵਾਲ ਵਿਖੇ ਸਫਾਈ ਅਭਿਆਨ

**ਪੰਨਾ-3**

- 2015 ਦੀ ਵਿਭਾਗੀ ਲੇਖਾ ਪ੍ਰੀਖਿਆ
- ਜੀ.ਆਈ.ਐਸ ਟੈਕਨੋਲਜੀ ਵਰਕਸ਼ਾਪ ਵਿਚ ਮਾਨਯੋਗ ਸੀ.ਐਮ.ਡੀ. ਨੇ ਭਾਗ ਲਿਆ

**ਪੰਨਾ-4**

- ਪਰਿਵਾਰਿਕ ਪ੍ਰਾਪਤੀਆਂ
- ਸੇਵਾ ਮੁਕਤੀਆਂ
- ਸਿਹਤ ਸਬੰਧੀ ਨੁਕਤੇ
- ਕਹਾਣੀ - ਦੋਸਤੀ ਵਿੱਚ ਜਖਮ


## ਸੀ.ਐਮ.ਡੀ. ਵਲੋਂ ਸੁਨੇਹਾ



ਮੇਰੇ ਗਣਤੰਤਰ ਦਿਵਸ ਦੇ ਭਾਸ਼ਣ ਵਿੱਚ ਮੈਂ ਕਾਰਪੋਰੇਟ ਬਾਗਵਾਨੀ ਪਾਲਸੀ ਬਾਰੇ ਜਿਕਰ ਕੀਤਾ ਸੀ ਜਿਸ ਦੀ ਪਹਿਲ ਐਚ.ਆਰ ਅਤੇ ਪ੍ਰਬੰਧਕੀ ਵਿਭਾਗ ਨੇ ਕੀਤੀ ਹੈ । ਮੈਂ ਇਸ ਨੂੰ ਲਾਗੂ ਕਰਨ ਤੇ ਜੋਰ ਦੇਵਾਂਗਾ । ਇਸ ਲਈ ਮੈਂ ਆਪਣੇ ਮੁੱਖ ਇੰਜੀਨੀਅਰਾਂ ਨੂੰ ਇੱਕ ਕਾਰਵਾਈ ਪਲਾਨ ਬਣਾਕੇ ਦੇਣ ਲਈ ਲਿਖ ਚੁੱਕਾ ਹਾਂ ਕਿ ਉਹ ਇਸ ਮੁਹਿਮ **Green PSTCL** ਅਧੀਨ ਪੌਦੇ ਲਗਾਉਣ। ਮੈਂ ਇਸ ਪੱਤਰ ਰਾਂਹੀ ਆਪਣੇ ਸਾਰੇ ਮੁਲਾਜਮਾ ਨੂੰ ਅਪੀਲ ਕਰਦਾ ਹਾਂ ਕਿ ਉਹ ਇਸ ਮੁਹਿਮ ਨੂੰ ਕਾਮਯਾਬ ਬਣਾਉਣ ।

ਸਾਡੇ ਗਰਿਡ ਸਬ ਸਟੇਸਨ ਵਿੱਚ ਕਾਫੀ ਥਾਂ ਖਾਲੀ ਪਈ ਹੈ ਜੋ ਕਿ ਇਸ ਪਾਲਸੀ ਮੁਤਾਬਕ ਗਰੀਨ ਬੈਲਟ ਲਈ ਵਰਤੀ ਜਾ ਸਕਦੀ ਹੈ ਬਿਨ੍ਹਾ ਕਿਸੇ ਉਪਰੇਸਨਲ ਕਾਰਵਾਈ ਨੂੰ ਪ੍ਰਭਾਵਤ ਕੀਤੇ । ਤੁਸੀ ਸਾਰੇ ਜਾਣਦੇ ਹੋ ਕਿ ਵਾਤਾਵਰਨ ਵਿੱਚ ਬਦਲਾਵ ਪੂਰੀ ਮਾਨਵ ਜਾਤੀ ਲਈ ਧਿਆਨ ਦੇਣ ਯੋਗ ਵਿਸ਼ਾ ਹੈ ਜਿਸ ਨੂੰ ਕੰਟਰੋਲ ਕਰਨਾ ਅਤਿ ਜਰੂਰੀ ਹੈ। ਸਾਡੀ ਪਹਿਲ ਨਾਲ ਨਾ ਕੇਵਲ ਸਾਡਾ ਸਬ ਸਟੇਸ਼ਨ ਸੁੰਦਰ ਬਣੇਗਾ ਬਲਕਿ ਕਾਰਬਨ ਡਾਇਆਕਸਾਈਡ ਕੰਟਰੋਲ ਕਰਨ ਵਿੱਚ ਮਦਦ ਮਿਲੇਗੀ ਜੋ ਕਈ ਕਾਰਨਾਂ ਕਰਕੇ ਪੈਂਦਾ ਹੁੰਦੀ ਹੈ ਤੇ ਸਾਡੇ ਵਾਤਾਵਰਨ ਨੂੰ ਪ੍ਰਭਾਵਤ ਕਰਦੀ ਹੈ । ਇਸ ਪਾਲਿਸੀ ਨੂੰ ਸਫਲਤਾ ਪੂਰਵਕ ਲਾਗੂ ਕਰਨਾ ਸਾਡੀ ਇੱਛਾ ਤੇ ਵਚਨਬੱਧਤਾ ਤੇ ਨਿਰਭਰ ਹੈ ਕਿ ਅਸੀਂ ਇਸ ਨੂੰ ਟੀਮ ਦੀ ਤਰ੍ਹਾ ਮਿਲ ਕੇ ਪੂਰਾ ਕਰੀਏ । ਸਾਨੂੰ ਸਾਰੇ ਗਰਿਡ ਸਬ ਸਟੇਸ਼ਨਾਂ ਵਿੱਚ ਪੌਦੇ ਲਗਾਉਣ ਦਾ ਟੀਚਾ ਆਉਣ ਵਾਲੇ ਮਾਨਸੂਨ ਤੋਂ ਪਹਿਲਾ ਪੂਰਾ ਕਰਨਾ ਹੈ ।

ਤੁਹਾਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਇੱਕ ਏਕੜ ਵਿੱਚ ਵੱਡੇ ਦਰਖਤ 18 ਵਿਕਤੀਆਂ ਨੂੰ ਆਕਸੀਜਨ ਦੇਣ ਲਈ ਕਾਫੀ ਹਨ । ਆਉ ਅਸੀ ਟੀਮ ਦੇ ਰੂਪ ਚ ਕੰਮ ਕਰੀਏ ਤੇ ਇਕ ਜਿਮੇਵਾਰ ਕਾਰਪੋਰੇਟ ਨਾਗਰਿਕ ਦੀ ਤਰ੍ਹਾ ਸਮਾਜ ਪ੍ਰਤੀ ਆਪਣੀ ਜਿਮੇਵਾਰੀ ਨੂੰ ਨਿਭਾਈਏ ।

**ਸ੍ਰੀ ਯੂ.ਕੇ.ਪੰਡਾ, ਮਾਨਯੋਗ ਸੀ.ਐਮ.ਡੀ. ਪੀ.ਐਸ.ਟੀ.ਸੀ.ਐਲ. ,ਮੁੱਖ ਇੰਜੀਨੀਅਰ, ਪੀ ਅਤੇ ਐਮ ਅਤੇ ਹੋਰ ਅਫਸਰਾਂ ਨੇ ਮਿਤੀ 17.12.2015 ਨੂੰ 220 ਕੇ.ਵੀ. ਗਰਿਡ ਸਬ ਸਟੇਸ਼ਨ ਗੋਬਿੰਦਗੜ੍ਹ ਜੀ-1, ਜੀ-2 ਅਤੇ ਜੀ-4 ਦਾ ਦੌਰਾ ਕੀਤਾ।**




ਜੀ-4 ਗਰਿਡ ਸਬ ਸਟੇਸ਼ਨ ਵਿਖੇ ਮਾਨਯੋਗ ਸੀ.ਐਮ.ਡੀ. ਪੀ.ਐਸ.ਟੀ.ਸੀ.ਐਲ., ਸਾਰੇ ਆਫੀਸਰ ਅਤੇ ਸਟਾਫ ਨਾਲ

## ਪੀ.ਐਸ.ਟੀ.ਸੀ.ਐਲ ਦੀ ਤਿਮਾਹੀ ਪ੍ਰਗਤੀ ਰਿਪੋਰਟ (ਅਕਤੂਬਰ ਤੋ ਦਸੰਬਰ 2015)

| Sr. No. | Description | Up to 31-12-15 | | |
|---|---|---|---|---|
| 1. | Sub- Stations ending the quarter | | | |
| a) | 400 KV | 04 | | |
| b) | 220 KV | 90 | | |
| c) | 132 KV | 77 | | |
| | **Total** | **171** | | |
| 2 | Capacity in MVA | | | |
| **Sr. No.** | **Description** | **Up to 30-9-15** | **Up to 31-12-15** | **Net progress during the Qtr.** |
| a) | 400 KV | 2890.00 | 2890.00 | 0 |
| b) | 220 KV | 22507.00 | 22691.50 | 184.50 |
| c) | 132 KV | 6465.50 | 6465.50 | 0 |
| | **Total** | **31862.50** | **32047.00** | **184.50** |
| 3. | Transmission Lines (Ckt. Kms.) | | | |
| a) | 400 KV | 1570.734 | 1570.734 | 0.00 |
| b) | 220 KV | 7035.199 | 7073.109 | 37.910 |
| c) | 132 KV | 3201.536 | 3201.536 | 0.0 |
| | **Total** | **11807.469** | **11845.379** | **37.910** |

### *Quotes :*

*Take a 10-30 mins walk everyday & while you walk, smile & laugh. It is ultimate anti - depressant*

****

*A moment of patience in a moment of anger saves you a hundred moment of regrets.*

****

*Save Electricity*
*Save Nation*

## Swachh Bharat Abhiyan



Before Swachh Bharat Abhiyan



After swachh Bharat Abhiyan

220 ਕੇ.ਵੀ. ਅਬਲੋਵਾਲ ਵਿਖੇ ਸਫਾਈ ਅਭਿਆਨ

# ਵਿਭਾਗੀ ਲੇਖਾ ਪ੍ਰੀਖਿਆ-ਨਵੰਬਰ, 2015

## ਪੀ.ਐਸ.ਟੀ.ਸੀ.ਐਲ. ਦੇ ਕਰਮਚਾਰੀਆਂ ਦੀ ਵਿਭਾਗੀ ਲੇਖਾ ਪ੍ਰੀਖਿਆ ਨਵੰਬਰ 2015 ਨੂੰ ਸਫਲਤਾਪੂਰਵਕ ਲਈ ਗਈ ਅਤੇ ਇਸ ਦਾ ਨਤੀਜਾ ਵੀ ਐਲਾਨ ਕੀਤਾ ਗਿਆ





## ਹੇਠ ਲਿਖੇ ਪ੍ਰੀਖਿਆਰਥੀਆਂ ਨੇ ਸਾਲ 2015 ਦੀ ਵਿਭਾਗੀ ਲੇਖਾ ਪ੍ਰੀਖਿਆ ਵਿੱਚ ਇਕੋ ਸਮੇਂ ਵਿਚ ਸਾਰੇ ਪੇਪਰ ਪਾਸ ਕੀਤੇ

**ਵਧਾਈਆਂ !!**

| Name | Emp. Id |
|---|---|
| **AE/Electrical** | |
| Gagandeep Singh | 501044 |
| **JE/Electrical** | ****** |
| Sachin Singla | 601016 |
| Pardeep Kumar | 601028 |
| Sanju Bala | 601040 |
| Yadwinder Singh | 601042 |
| Parvesh Gupta | 601043 |
| Sukhdeep Singh | 601045 |
| Arvinder Singh | 601065 |
| Ajay Singla | 601097 |
| Jaspreet Singh Garcha | 601102 |
| Anitpal Singh | 601105 |
| Ankur Walia | 601114 |
| Neeraj Kumar | 601117 |
| Jagjit Singh | 601090 |
| Jagdeep Singh | 601075 |
| Supinder Singh | 601096 |
| Navdeep Singh | 601080 |
| Ujjavala Singla | 601128 |

| Name | Emp. Id |
|---|---|
| **JE/Civil** | ****** |
| Mayank Gupta | 602026 |
| **UDC/General** | ****** |
| Anuradha Singla | 606051 |
| Hanish Sharma | 606052 |




ਸ੍ਰੀ ਯੂ.ਕੇ.ਪੰਡਾ, ਮਾਨਯੋਗ ਸੀ.ਐਮ.ਡੀ. ਪੀ.ਐਸ.ਟੀ.ਸੀ.ਐਲ., ਮੁੱਖ ਇੰਜੀਨੀਅਰ/ਟੀ.ਐਸ. ਅਤੇ ਨਿਗਰਾਨ ਇੰਜੀਨੀਅਰ/ਪੀ ਅਤੇ ਐਮ ਪਟਿਆਲਾ ਨੇ ਮਿਤੀ 4.12.2015 ਨੂੰ ਦਿੱਲੀ ਵਿਖੇ ਜੀ.ਆਈ.ਐਸ ਟੈਕਨੋਲਜੀ ਵਰਕਸ਼ਾਪ ਵਿੱਚ ਭਾਗ ਲਿਆ

*Life is 10% what happens to you and 90% how you react to it*

## ਪਰਿਵਾਰਿਕ ਪ੍ਰਾਪਤੀਆਂ



**ਗੁਰਲੀਨ ਕੌਰ** ਸਪੁਤਰੀ ਸ.ਸੁਖਪ੍ਰੀਤ ਸਿੰਘ, ਲੇਖਾ ਅਫਸਰ, ਕਾਰਪੋਰੇਟ ਆਡਿਟ, ਪੀ.ਐਸ.ਟੀ.ਸੀ.ਐਲ ਨੇ ਮਿਤੀ 24 ਅਕਤੂਬਰ 2015 ਨੂੰ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਹੋਏ Inter-Institutional Science Fair 2015 poster presentation ਵਿਚ ਪਹਿਲੀ ਪੁਜੀਸ਼ਨ ਹਾਸਲ ਕੀਤੀ ।

## ਸੇਵਾ ਮੁਕਤੀਆਂ

(ਅਕਤੂਬਰ – ਦਸੰਬਰ 2015)

ਪੀ.ਐਸ.ਟੀ.ਸੀ.ਐਲ. ਹੇਠ ਲਿਖਿਆਂ ਨੂੰ ਸੇਵਾ ਮੁਕਤ ਹੋਣ ਉਪਰੰਤ ਚੰਗੀ ਸਿਹਤ ਅਤੇ ਚੰਗੀ ਕਿਸਮਤ ਦੀ ਕਾਮਨਾ ਕਰਦਾ ਹੈ :

**ਸੇਵਾ ਮੁਕਤ ਮਿਤੀ 31.10.2015**

- ਇੰਜੀ. ਬਲਬੀਰ ਸਿੰਘ, ਸੀਨੀਅਰ ਕਾਰਜਕਾਰੀ ਇੰਜੀਨੀਅਰ
- ਇੰਜੀ. ਰਾਮ ਆਸਰਾ, ਏ.ਈ.

**ਸੇਵਾ ਮੁਕਤ ਮਿਤੀ 30.11.2015**

- ਇੰਜੀ. ਐਮ.ਐਲ.ਸਿੰਗਲਾ , ਵਧੀਕ ਨਿਗਰਾਨ ਇੰਜੀਨੀਅਰ

**ਸੇਵਾ ਮੁਕਤ ਮਿਤੀ 31.12.2015**

- ਇੰਜੀ. ਪੀ.ਕੇ.ਬਾਂਸਲ , ਵਧੀਕ ਨਿਗਰਾਨ ਇੰਜੀਨੀਅਰ
- ਇੰਜੀ. ਮਨਜੀਤ ਸਿੰਘ, ਏ.ਈ.ਈ.
- ਇੰਜੀ. ਸੁਰਿੰਦਰਪਾਲ ਸਿੰਘ , ਏ.ਈ.ਈ.
- ਇੰਜੀ. ਸੁਖਬੀਰ ਸਿੰਘ , ਏ.ਈ.

**ਸਿਹਤ ਸਬੰਧੀ ਨੁਕਤੇ** ½ ਚਮਚ ਨਿਬੂ, ¼ ਚਮਚ ਅਧਰਕ ਦਾ ਰਸ, ਇੱਕ ਚਮਚਾ ਸਹਿਦ, 2 ਪੱਤੇ ਪੁਦੀਨਾ ਕੋਸੇ ਪਾਣੀ ਵਿੱਚ ਘੋਲ ਕੇ ਪੀਣ ਨਾਲ ਤੇਜਾਬੀ ਮਾਦਾ ਕੰਟਰੋਲ ਵਿੱਚ ਰਹਿੰਦਾ ਹੈ, ph value ਬਰਾਬਰ ਰਹਿੰਦੀ ਹੈ, ਕਿਡਨੀਆਂ ਨੂੰ ਸਾਫ ਕਰਦਾ ਹੈ, ਕਬਜ਼ ਤੋ ਰਾਹਤ ਮਿਲਦੀ ਹੈ, ਭਾਰ ਘੱਟਦਾ ਹੈ ਅਤੇ ਅੰਦਰੂਨੀ ਸ਼ਕਤੀ ਵਿੱਚ ਵਾਧਾ ਹੁੰਦਾ ਹੈ।

## ਦੋਸਤੀ ਵਿੱਚ ਜਖ਼ਮ

ਇਕ ਵਾਰ ਇੱਕ ਝਗੜਾਲੂ ਲੜਕਾ ਸੀ । ਉਸ ਦਾ ਪਿਤਾ ਉਸ ਨੂੰ ਇੱਕ ਕਿੱਲਾਂ ਵਾਲਾ ਬਸਤਾ ਦਿੰਦਾ ਹੈ ਤੇ ਸਾਰੇ ਬਾਗ ਦੇ ਆਲੇ ਦੁਆਲੇ ਬਣੀ ਵਾੜ ਤੇ ਲਗਾਉਣ ਲਈ ਕਹਿੰਦਾ ਹੈ, ਹਰ ਵਾਰ ਜਦੋਂ ਉਹ ਆਪਣਾ ਸਬਰ ਖੋਹ ਦਿੰਦਾ ਹੈ ਅਤੇ ਕਿਸੇ ਨਾ ਕਿਸੇ ਨਾਲ ਲੜ ਬੈਠਦਾ ਹੈ । ਪਹਿਲੇ ਦਿਨ ਉਹ ਵਾੜ ਵਿੱਚ 37 ਕਿੱਲਾਂ ਲਗਾਉਂਦਾ ਹੈ । ਅਗਲੇ ਹਫਤੇ ਉਸ ਨੂੰ ਆਪਣੇ ਆਪ ਤੇ ਕੰਟਰੋਲ ਕਰਨਾ ਆ ਜਾਂਦਾ ਹੈ ਤੇ ਉਹ ਦਿਨ ਪ੍ਰਤੀ ਦਿਨ ਕਿੱਲਾਂ ਲਗਾਉਣੀਆਂ ਘਟਾਉਂਦਾ ਜਾਂਦਾ ਹੈ । ਇੱਕ ਦਿਨ ਆਉਂਦਾ ਹੈ ਜਦੋਂ ਉਹ ਕੋਈ ਵੀ ਕਿੱਲ ਨਹੀਂ ਲਗਾਉਂਦਾ ਉਹ ਆਪਣੇ ਪਿਤਾ ਕੋਲ ਆਉਂਦਾ ਹੈ ਤੇ ਕਹਿੰਦਾ ਹੈ ਕਿ ਅੱਜ ਮੈਂ ਕੋਈ ਕਿੱਲ ਨਹੀਂ ਲਗਾਈ । ਇਸ ਲਈ ਉਸਦਾ ਪਿਤਾ ਉਸਨੂੰ ਵਾੜ ਤੋਂ ਕਿੱਲਾਂ ਵਾਪਸ ਕੱਢਣ ਲਈ ਕਹਿੰਦਾ ਹੈ ਤਾਂ ਉਹ ਆਪਣਾ ਸਬਰ ਨਹੀਂ ਖੋਂਦਾ ਅਤੇ ਨਾ ਹੀ ਕਿਸੇ ਨਾਲ ਲੜਦਾ ਹੈ ।

ਦਿਨ ਬੀਤ ਜਾਂਦੇ ਹਨ ਤੇ ਉਹ ਆਪਣੇ ਪਿਤਾ ਨੂੰ ਕਹਿੰਦਾ ਹੈ ਕਿ ਮੈਂ ਸਾਰੇ ਕਿੱਲ ਕੱਢ ਦਿੱਤੇ ਹਨ । ਤਦ ਉਸਦਾ ਪਿਤਾ ਉਸਨੂੰ ਵਾੜ ਕੋਲ ਲੈ ਜਾਂਦਾ ਹੈ ਤੇ ਕਹਿੰਦਾ ਹੈ ਕਿ ਪੁੱਤਰ ਤੂੰ ਬਹੁਤ ਵਧੀਆ ਕੰਮ ਕੀਤਾ ਪਰ ਦੇਖੋ ਵਾੜ ਵਿੱਚ ਕਿੰਨੇ ਸੁਰਾਖ ਹੋ ਗਏ ਹਨ ਇਹ ਵਾੜ ਪਹਿਲਾ ਦੀ ਤਰ੍ਹਾਂ ਕਦੇ ਨਹੀਂ ਹੋ ਸਕਦੀ । ਜਦੋਂ ਤੁਸੀ ਕਿਸੇ ਨਾਲ ਲੜਦੇ ਹੋ ਅਤੇ ਉਸੇ ਨੂੰ ਬੂਰਾ ਭਲਾ ਕਹਿੰਦੇ ਹੋ ਤਾਂ ਉਸ ਵਿਚ ਇਸ ਵਾੜ ਦੀ ਤਰ੍ਹਾਂ ਬਹੁਤ ਸਾਰੇ ਜਖਮ ਰਹਿ ਜਾਂਦੇ ਹਨ । ਤੁਸੀਂ ਚਾਕੂ ਖਭੋਣ ਤੋ ਬਾਅਦ ਕੱਢ ਲੈਂਦੇ ਹੋ ਪਰ ਉਸਦਾ ਜਖਮ ਉਸੇ ਤਰ੍ਹਾ ਰਹਿ ਜਾਂਦਾ ਹੈ ਭਾਵੇਂ ਤੁਸੀ ਜਿੰਨੀ ਮਰਜੀ ਵਾਰ ਮੁਆਫੀ ਮੰਗੋ ਜਖਮ ਰਹਿੰਦਾ ਹੀ ਹੈ । ਸ਼ਬਦ ਦੇ ਜਖਮ ਵੀ ਸਰੀਰਕ ਜਖਮਾਂ ਦੀ ਤਰ੍ਹਾਂ ਹੁੰਦੇ ਹਨ । ਦੋਸਤ ਅਸਲੀ ਗਹਿਣਾ ਹਨ, ਉਹ ਤੁਹਾਨੂੰ ਹਸਾਉਂਦੇ ਹਨ ਅਤੇ ਸੁਵਿਧਾਜਨਕ ਅਹਿਸਾਸ ਕਰਾਉਂਦੇ ਹਨ । ਉਹ ਤੁਹਾਨੂੰ ਸੁਣਨ ਲਈ ਤਿਆਰ ਰਹਿੰਦੇ ਹਨ, ਤੁਹਾਡੀ ਮਦਦ ਕਰਦੇ ਹਨ ਅਤੇ ਆਪਣੇ ਦਿਲ ਦੀ ਗੱਲ ਤੁਹਾਡੇ ਸਾਹਮਣੇ ਰੱਖਦੇ ਹਨ।

TRANS GLOBAL PRESS
98158 76760, 78144 76760